# ਗੈਰ-ਕਾਨੂੰਨੀ ਬੁੱਚੜਖਾਨੇ ਅਤੇ ਬਿਨਾਂ ਜਾਂਚ ਕੀਤੇ ਮੀਟ ਲਈ ਵੱਡੇ ਜੁਰਮਾਨੇ

30 ਅਕਤੂਬਰ, 2024 ਮੀਡੀਆ ਪੁੱਛਗਿੱਛ

## ਗੈਰ-ਕਾਨੂੰਨੀ ਬੁੱਚੜਖਾਨੇ ਅਤੇ ਬਿਨਾਂ ਜਾਂਚ ਕੀਤੇ ਮੀਟ ਦੀ ਵਿਕਰੀ ਵਿੱਚ ਵਾਧੇ ਦੇ ਜਵਾਬ ਵਿੱਚ, ਅਲਬਰਟਾ ਦੀ ਸਰਕਾਰ ਖਪਤਕਾਰਾਂ ਦੀ ਸੁਰੱਖਿਆ ਲਈ ਜੁਰਮਾਨੇ ਵਧਾ ਰਹੀ ਹੈ।

ਅਲਬਰਟਾ ਵਿੱਚ ਬਿਨਾਂ ਜਾਂਚ ਕੀਤੇ ਮੀਟ ਦੀ ਵਿਕਰੀ ਗੈਰ-ਕਾਨੂੰਨੀ ਹੈ। ਗੈਰ-ਕਾਨੂੰਨੀ ਮੀਟ ਕੱਟਣਾ ਅਤੇ ਭੋਜਨ ਸੁਰੱਖਿਆ ਨਿਯਮਾਂ ਦੀ ਪਾਲਣਾ ਨਾ ਕਰਨਾ ਮਨੁੱਖੀ ਅਤੇ ਜਾਨਵਰਾਂ ਦੀ ਸਿਹਤ ਲਈ ਖਤਰਾ ਪੈਦਾ ਕਰਦੀ ਹੈ ਅਤੇ ਅਲਬਰਟਾ ਦੇ ਸਮੁੱਚੇ ਪਸ਼ੂ ਧਨ ਅਤੇ ਮੀਟ ਪ੍ਰੋਸੈਸਿੰਗ ਉਦਯੋਗ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ *ਮੀਟ ਨਿਰੀਖਣ ਸੋਧ ਐਕਟ*ਅਧੀਨ ਜੁਰਮਾਨਾ $10,000 ਤੋਂ $100,000 ਤੱਕ ਵੱਧ ਜਾਵੇਗਾ।

ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਇਹਨਾਂ ਜੁਰਮਾਨਿਆਂ ਨੂੰ ਵਧਾਉਣ ਦਾ ਪ੍ਰਸਤਾਵ ਦੇ ਰਹੀ ਹੈ, ਤਾਂ ਕਿ ਅਪਰਾਧੀਆਂ ਨੂੰ ਮੀਟ ਨਿਰੀਖਣ ਐਕਟ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ । ਪ੍ਰਸਤਾਵਿਤ ਤਬਦੀਲੀਆਂ ਨਿਰੀਖਣ ਕੀਤੇ ਮੀਟ ਲਈ ਖਪਤਕਾਰਾਂ ਦੀਆਂ ਲਾਗਤਾਂ ਜਾਂ ਉਦਯੋਗ ਲਈ ਸੰਚਾਲਨ ਲਾਗਤਾਂ ਨੂੰ ਵਧਾਏ ਬਿਨਾਂ ਅਲਬਰਟਾ ਵਾਸੀਆਂ ਲਈ ਭੋਜਨ ਸੁਰੱਖਿਆ ਦਾ ਸਮਰਥਨ ਕਰਨਗੀਆਂ। ਤਬਦੀਲੀਆਂ ਉਹਨਾਂ ਲੋਕਾਂ ਲਈ ਵਧੇ ਹੋਏ ਜੁਰਮਾਨੇ ਦਾ ਪ੍ਰਸਤਾਵ ਕਰਦੀਆਂ ਹਨ, ਜੋ *ਮੀਟ ਇੰਸਪੈਕਸ਼ਨ ਐਕਟ*ਦੇ ਤਹਿਤ ਜੁਰਮ ਕਰਦੇ ਹਨ ਅਤੇ ਇਹ ਅਲਬਰਟਾ ਨੂੰ ਹੋਰ ਅਧਿਕਾਰ ਖੇਤਰਾਂ ਦੇ ਅਨੁਰੂਪ ਲਿਆਏਗਾ ।

"ਅਸੀਂ ਆਪਣੀ ਭੋਜਨ ਪ੍ਰਣਾਲੀ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਬਣਾਈ ਰੱਖਣ ਲਈ ਕਾਰਵਾਈ ਕਰ ਰਹੇ ਹਾਂ। ਮੈਂ ਸਾਰੇ ਅਲਬਰਟਾ ਵਾਸੀਆਂ ਨੂੰ ਲਾਇਸੰਸਸ਼ੁਦਾ ਓਪਰੇਟਰਾਂ ਅਤੇ ਵਿਕਰੇਤਾਵਾਂ ਤੋਂ ਮੀਟ ਖਰੀਦਣ ਲਈ ਉਤਸ਼ਾਹਿਤ ਕਰਦਾ ਹਾਂ, ਅਤੇ ਮੀਟ ਖਰੀਦਣ ਵੇਲੇ, ਆਪਣੇ ਵਿਕਰੇਤਾ ਨੂੰ ਪੁੱਛੋ ਕਿ ਮੀਟ ਕਿੱਥੋਂ ਆਉਂਦਾ ਹੈ ਅਤੇ ਕੀ ਇਸਦਾ ਨਿਰੀਖਣ ਕੀਤਾ ਗਿਆ ਹੈ।"

*ਆਰਜੇ ਸਿਗੁਰਡਸਨ, ਖੇਤੀਬਾੜੀ ਅਤੇ ਸਿੰਚਾਈ ਮੰਤਰੀ*

ਜੁਰਮਾਨੇ ਵਧਾਉਣ ਤੋਂ ਇਲਾਵਾ ਇਨ੍ਹਾਂ ਸੰਸ਼ੋਧਨਾਂ ਵਿੱਚ ਗੈਰ-ਕਾਨੂੰਨੀ ਤੌਰ ਤੇ ਕੱਟੇ ਅਤੇ ਬਿਨ੍ਹਾਂ ਨਿਰੀਖਣ ਕੀਤੇ ਮੀਟ ਦੀ ਵਿਕਰੀ ਲਈ ਜਾਂਚ ਕਰਨ ਅਤੇ ਚਾਰਜ ਲਗਾਉਣ ਲਈ ਸਮਾਂ ਵੱਧ ਜਾਵੇਗਾ । ਇਸ ਸਮੇਂ, ਇਹ ਐਕਟ ਇੰਸਪੈਕਟਰਾਂ ਨੂੰ ਅਪਰਾਧ ਤੋਂ ਇੱਕ ਸਾਲ ਬਾਅਦ ਗੈਰ-ਕਾਨੂੰਨੀ ਤੌਰ ਤੇ ਕੱਟੇ ਜਾਂ ਬਿਨਾਂ ਜਾਂਚ ਕੀਤੇ ਮੀਟ ਦੀ ਵਿਕਰੀ ਦੇ ਦੋਸ਼ਾਂ ਦੀ ਜਾਂਚ ਕਰਨ

ਦੀ ਇਜਾਜ਼ਤ ਦਿੰਦਾ ਹੈ। ਜੇਕਰ ਪਾਸ ਕੀਤਾ ਜਾਂਦਾ ਹੈ, ਤਾਂ ਇੱਕ ਗੁੰਝਲਦਾਰ ਕੇਸ ਲਈ ਜਾਂਚ ਦੀ ਸਮਾਂ-ਸੀਮਾ ਇੱਕ ਇੰਸਪੈਕਟਰ ਦੇ ਧਿਆਨ ਵਿੱਚ ਆਉਣ ਦੀ ਮਿਤੀ ਤੋਂ ਦੋ ਸਾਲਾਂ ਤੱਕ ਵਧਾ ਦਿੱਤੀ ਜਾਵੇਗੀ।

"ਭੋਜਨ ਸੁਰੱਖਿਆ ਇੱਕ ਅਜਿਹੀ ਚੀਜ਼ ਹੈ, ਜਿਸਨੂੰ ਜ਼ਿਆਦਾਤਰ ਅਲਬਰਟਾ ਨਿਵਾਸੀ ਹਲਕੇ ਵਿੱਚ ਲੈਂਦੇ ਹਨ, ਕਿਉਂਕਿ ਅਲਬਰਟਾ ਵਿੱਚ ਸਾਡੇ ਸੂਬੇ ਅਤੇ ਦੇਸ਼ ਦੇ ਕੁਝ ਬਿਹਤਰੀਨ ਲੋਕ ਹਨ, ਜੋ ਸਾਡੀ ਸਿਹਤ ਦਾ ਧਿਆਨ ਰੱਖਦੇ ਹਨ। ਫੈਡਰਲ ਅਤੇ ਪ੍ਰੋਵਿੰਸ਼ੀਅਲ ਦੋਵੇਂ ਰੈਗੂਲੇਟਰੀ ਸੰਸਥਾਵਾਂ ਸਾਰੇ ਅਲਬਰਟਾ ਵਾਸੀਆਂ  ਦੇ ਸਭ ਤੋਂ ਉੱਤਮ ਹਿੱਤਾਂ ਨੂੰ ਧਿਆਨ ਵਿੱਚ ਰੱਖਦੀਆਂ ਹਨ, ਜਦੋਂ ਉਹ ਹਰ ਰੋਜ਼ ਆਪਣੇ ਕੰਮ ਕਰਨ ਲਈ ਬਾਹਰ ਜਾਂਦੇ ਹਨ।  ਇਹੀ ਕਾਰਨ ਹੈ ਕਿ ਸਮੁੱਚੀ ਭੋਜਨ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਸਾਡੇ ਸੂਬਾਈ ਐਕਟਾਂ ਅਤੇ ਨਿਯਮਾਂ ਨੂੰ ਮਜ਼ਬੂਤ ਕਰਨ ਲਈ, ਸਾਰੇ ਅਲਬਰਟਾ ਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ ਲਈ, ਤਬਦੀਲੀਆਂ ਦੀ ਲੋੜ ਹੈ ਅਤੇ ਇਹ ਕੀਤੀਆਂ ਗਈਆਂ ਹਨ।"

*ਮਾਈਕ ਬੂਮਾ, ਜਨਰਲ ਮੈਨੇਜਰ, ਫੈਮਿਲੀ ਮੀਟਸ*

"ਇੱਕ ਮੀਟ ਸੁਰੱਖਿਆ ਅਤੇ ਗੁਣਵੱਤਾ ਖੋਜਕਰਤਾ ਵਜੋਂ, ਮੈਂ *ਮੀਟ ਨਿਰੀਖਣ ਐਕਟ* ਵਿੱਚ ਪ੍ਰਸਤਾਵਿਤ ਸੋਧਾਂ ਲਈ ਅਲਬਰਟਾ ਸਰਕਾਰ ਦੀ ਸ਼ਲਾਘਾ ਕਰਦਾ ਹਾਂ। *ਮੀਟ ਇੰਸਪੈਕਸ਼ਨ ਐਕਟ* ਦੇ ਉਲੰਘਣ ਲਈ ਜੁਰਮਾਨੇ ਵਿੱਚ ਕਾਫ਼ੀ ਵਾਧਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਖਪਤਕਾਰਾਂ ਨੂੰ ਉਪਲਬਧ ਮੀਟ ਖਪਤ ਲਈ ਸੁਰੱਖਿਅਤ ਹੈ।

*ਲਿਨ ਮੈਕਮੁਲਨ, ਪ੍ਰੋਫੈਸਰ ਐਮਰੀਟਾ, ਅਲਬਰਟਾ ਯੂਨੀਵਰਸਿਟੀ*

# ਮੁੱਖ ਤੱਥ

- ਅਲਬਰਟਾ ਵਿੱਚ ਬਿਨਾਂ ਜਾਂਚ ਕੀਤੇ ਮੀਟ ਦੀ ਵਿਕਰੀ ਗੈਰ-ਕਾਨੂੰਨੀ ਹੈ।
- ਕੋਈ ਵੀ ਮੀਟ ਜਾਂ ਮੀਟ ਉਤਪਾਦ ਜੋ ਅਲਬਰਟਾ ਵਿੱਚ ਵੇਚਿਆ ਜਾਂ ਵੰਡਿਆ ਜਾਂਦਾ ਹੈ, ਇੱਕ ਨਿਰੀਖਣ ਕੀਤੇ (ਅਬਟੋਇਰ) ਜਾਂ ਪ੍ਰੋਸੈਸਿੰਗ ਫੈਸਲਟੀ ਤੋਂ ਆਉਣਾ ਚਾਹੀਦਾ ਹੈ।
- ਅਲਬਰਟਾ ਦੇ ਸਰਕਾਰੀ ਮੀਟ ਇੰਸਪੈਕਟਰ ਇਹ ਯਕੀਨੀ ਬਣਾਉਣ ਲਈ ਸੂਬਾਈ ਤੌਰ 'ਤੇ ਲਾਇਸੰਸਸ਼ੁਦਾ ਬੁੱਚੜਖਾਨਿਆਂ ਵਿੱਚ ਮੌਜੂਦ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਤਪਾਦਿਤ  ਮੀਟ ਖਪਤ ਲਈ ਸੁਰੱਖਿਅਤ ਹੈ।
- ਲੋੜ ਪੈਣ 'ਤੇ, ਅਲਬਰਟਾ ਸੱਭਿਆਚਾਰਕ ਜਸ਼ਨਾਂ ਦਾ ਸਮਰਥਨ ਕਰਨ ਲਈ, ਵੀਕਐਂਡ ਸਮੇਤ, ਸੂਬਾਈ ਤੌਰ 'ਤੇ ਲਾਇਸੰਸਸ਼ੁਦਾ ਸਹੂਲਤਾਂ ਨੂੰ  ਨਿਰੀਖਣ ਕੀਤੇ ਮੀਟ ਕੱਟਣ ਦੇ ਵਾਧੂ ਦਿਨ ਪ੍ਰਦਾਨ ਕਰਦਾ ਹੈ।
- ਅਲਬਰਟਾ ਸੂਬਾਈ ਮੀਟ ਇੰਸਪੈਕਟਰਾਂ ਦੀ ਨਿਗਰਾਨੀ ਹੇਠ ਨਿਰੀਖਣ ਕੀਤੇ ਮੀਟ ਦਾ ਉਤਪਾਦਨ ਕਰਨ ਵਾਲੇ 121 ਗੋਦਾਮਾਂ ਨੂੰ ਲਾਇਸੰਸ ਦਿੰਦਾ ਹੈ।
- ਅਲਬਰਟਾ ਵਿੱਚ 65 ਮੀਟ ਇੰਸਪੈਕਟਰ ਅਤੇ ਪ੍ਰੋਗਰਾਮ ਮਾਹਰ ਹਨ, ਜੋ ਲਾਇਸੈਂਸ, ਨਿਰੀਖਣ ਅਤੇ ਨਿਗਰਾਨੀ ਦਾ ਸਮਰਥਨ ਕਰਦੇ ਹਨ।

# ਸੰਬੰਧਿਤ ਜਾਣਕਾਰੀ

- ਮੀਟ ਨਿਰੀਖਣ ਐਕਟ - ਨਿਰੀਖਣ ਕੀਤੇ ਮੀਟ ਦੀ ਕਟਾਈ ਅਤੇ ਵਿਕਰੀ 'ਤੇ ਨਿਯਮ

- ਲਾਇਸੰਸਸ਼ੁਦਾ ਬੁੱਚੜਖਾਨਿਆਂ  ਦੀ ਡਾਇਰੈਕਟਰੀ - ਬੁੱਚੜਖਾਨੇ, ਮੋਬਾਈਲ ਕਸਾਈ, ਮੋਬਾਈਲ ਕਸਾਈ ਸਹੂਲਤਾਂ ਅਤੇ ਖੇਤਾਂ ਵਿੱਚ ਮੀਟ ਕੱਟਣ ਦੀਆਂ ਕਾਰਵਾਈਆਂ
- ਸੂਬਾਈ ਤੌਰ 'ਤੇ ਲਾਇਸੰਸਸ਼ੁਦਾ ਮੀਟ ਕੱਟਣ ਕਾਰਜਾਂ ਲਈ ਸਰੋਤ
- ਬਿੱਲ 28: ਮੀਟ ਨਿਰੀਖਣ ਸੋਧ ਐਕਟ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ
- ਨਿਊਜ਼ ਕਾਨਫਰੰਸ ਸੁਣੋ

## ਮੀਡੀਆ ਪੁੱਛਗਿੱਛ


### ਡਾਰਬੀ ਕਰੌਚ

587-335-6934
ਪ੍ਰੈਸ ਸਕੱਤਰ, ਖੇਤੀਬਾੜੀ ਅਤੇ ਸਿੰਚਾਈ